# ਸਰਵੀਸਾਇਟਿਸ Cervicitis

ਸਰਵਿਕਸ (ਬੱਚੇਦਾਨੀ ਦੇ ਮੂੰਹ) ਦੀ ਸੋਜਿਸ਼ ਨੂੰ ਸਰਵੀਸਾਇਟਿਸ ਕਿਹਾ ਜਾਂਦਾ ਹੈ। ਸਰਵਿਕਸ (ਬੱਚੇਦਾਨੀ ਦਾ ਮੂੰਹ) ਇੱਕ ਤੰਗ ਰਾਹ ਹੁੰਦਾ ਹੈ ਜਿਹੜਾ ਯੋਨੀ ਜਾਂ ਅੰਦਰੂਨੀ ਗੁਪਤ ਅੰਗਾਂ ਅਤੇ ਬੱਚੇਦਾਨੀ ਨੂੰ ਆਪਸ ਵਿੱਚ ਜੋੜਦਾ ਹੈ। ਸਰਵੀਸਾਇਟਿਸ ਦੇ ਕਈ ਕਾਰਣ ਹੁੰਦੇ ਹਨ ਪਰ ਜਿਨਸੀ ਬਿਮਾਰੀਆਂ (ਐੱਸ.ਟੀ.ਆਈ.) ਸਭ ਤੋਂ ਆਮ ਵਜ੍ਹਾ ਹੈ।

ਆਮ ਤੌਰ 'ਤੇ ਸਰਵੀਸਾਇਟਿਸ ਦਾ ਇਲਾਜ ਐਂਟੀਬਾਇਓਟਿਕ ਦਵਾਈਆਂ ਨਾਲ ਕੀਤਾ ਜਾਂਦਾ ਹੈ।

## ਕਾਰਣ Causes

ਅਕਸਰ ਕਲਾਮੀਡੀਆ, ਗੌਨੋਰੀਆ, ਹਰਪੀਜ਼ ਸਿੰਪਲੈਕਸ ਵਾਇਰਸ, ਅਤੇ ਟ੍ਰੀਕੋਮੋਨਾਸ ਜਿਹੀਆਂ ਐੱਸ.ਟੀ.ਆਈ, ਜੋ ਯੋਨ ਜਾਂ ਮੌਖਿਕ ਕਾਮੁਕ ਸੰਬੰਧਾਂ ਕਾਰਣ ਫੈਲਦੀਆਂ ਹਨ, ਸਰਵੀਸਾਇਟਿਸ ਦੀ ਵਜ੍ਹਾ ਬਣਦੀਆਂ ਹਨ। ਇਸ ਵਿੱਚ ਲਿੰਗ ਨੂੰ ਯੋਨੀ ਅੰਦਰ ਪਾ ਕੇ ਕੀਤਾ ਜਾਣ ਵਾਲਾ ਸੰਭੋਗ ਅਤੇ ਸਰੀਰ ਦੇ ਤਰਲ ਪਦਾਰਥਾਂ ਦੇ ਆਦਾਨ-ਪ੍ਰਦਾਨ ਵਾਲੀਆਂ ਜਾਂ ਅਜਿਹੀਆਂ ਕਾਮੁਕ ਗਤੀਵਿਧੀਆਂ ਸ਼ਾਮਲ ਹਨ ਜਿਨ੍ਹਾਂ ਦੌਰਾਨ ਚਮੜੀ ਇੱਕ ਦੂਜੇ ਦੇ ਸੰਪਰਕ ਵਿੱਚ ਆਉਂਦੀ ਹੈ। ਕਾਮ ਸੰਬੰਧੀ ਖਿਡੌਣੇ ਆਪਸ ਵਿੱਚ ਸਾਂਝੇ ਕਰਨ ਨਾਲ ਵੀ ਐੱਸ.ਟੀ.ਆਈ ਹੋ ਸਕਦੀਆਂ ਹਨ। ਜੇ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਵੀ ਲਾਗ ਲਗੀ ਹੈ, ਭਾਵੇਂ ਤੁਹਾਡੇ ਵਿੱਚ ਲੱਛਣ ਨਾ ਵੀ ਹੋਣ, ਤਾਂ ਵੀ ਦੂਜਿਆਂ ਨੂੰ ਤੁਹਾਡੇ ਤੋਂ ਇਹ ਲਾਗ ਲਗ ਸਕਦੀ ਹੈ।

ਹੋਰ ਜਰਾਸੀਮ ਜਾਂ ਜਲਣ ਪੈਦਾ ਕਰਨ ਵਾਲੇ ਰਸਾਇਣਾਂ ਤੋਂ ਹੋਈ ਪ੍ਰਕਿਰਿਆ, ਡੂਸ਼ (ਯੋਨੀ ਨੂੰ ਅੰਦਰੋਂ ਸਾਫ਼ ਕਰਨ ਲਈ ਪਾਣੀ ਜਾਂ ਹੋਰ ਤਰਲ ਪਦਾਰਥ) ਜਾਂ ਯੋਨੀ ਲਈ ਕ੍ਰੀਮਾਂ ਕਾਰਣ ਵੀ ਸਰਵੀਸਾਇਟਿਸ ਹੋ ਸਕਦਾ ਹੈ।

## ਲੱਛਣ Symptoms

ਸਰਵੀਸਾਇਟਿਸ ਦੇ ਲੱਛਣਾਂ ਵਿੱਚ ਹੇਠ ਲਿਖੇ ਸ਼ਾਮਲ ਹੋ ਸਕਦੇ ਹਨ:

- ਯੋਨੀ ਵਿੱਚੋਂ ਅਸਾਧਾਰਣ ਵਹਾਅ
- ਯੋਨੀ ਵਿੱਚੋਂ ਅਸਾਧਾਰਣ ਖ਼ੂਨ ਵਗਣਾ
- ਸੰਭੋਗ ਦੌਰਾਨ ਦਰਦ
- ਹਰਪੀਜ਼ ਛਿੜਣੀ (ਜੇ ਤੁਹਾਨੂੰ ਐੱਚ.ਐੱਸ.ਵੀ. 1 ਜਾਂ ਐੱਚ.ਐੱਸ.ਵੀ. 2 ਹੋਵੇ)

ਨੋਟ: ਜੇ ਤੁਹਾਡੇ ਹੇਠਲੇ ਹਿੱਸੇ ਵਿੱਚ ਸਰਜਰੀ ਹੋਈ ਹੈ ਤਾਂ ਗੁਪਤ ਅੰਗਾਂ ਦੇ ਲੱਛਣ ਵੱਖ ਹੋ ਸਕਦੇ ਹਨ।

## ਟੈਸਟ ਅਤੇ ਰੋਗ ਦੀ ਪਛਾਣ Tests and Diagnosis

ਸਰਵੀਸਾਇਟਿਸ ਲਈ ਟੈਸਟ ਕਰਨ ਵਾਸਤੇ ਜਾਂਚ ਅਤੇ ਰੂਈਂ ਦਾ ਫੈਹਾ ਇਸਤੇਮਾਲ ਕੀਤਾ ਜਾਂਦਾ ਹੈ। ਜੇ ਤੁਹਾਡੇ ਵਿੱਚ ਲੱਛਣ ਹੋਣ ਤਾਂ ਸਰਵੀਸਾਇਟਿਸ ਲਈ ਜਾਂਚ ਕਰਵਾਉਣੀ ਵਧੀਆ ਰਹਿੰਦੀ ਹੈ।

## ਇਲਾਜ Treatment

ਸਰਵੀਸਾਇਟਿਸ ਦਾ ਇਲਾਜ ਡਾਕਟਰ ਦੇ ਲਿਖਿਆਂ ਮਿਲਣ ਵਾਲੀਆਂ ਐਂਟੀਬਾਇਓਟਿਕ ਦਵਾਈਆਂ ਨਾਲ ਕੀਤਾ ਜਾਂਦਾ ਹੈ। ਆਪਣੀਆਂ ਸਾਰੀਆਂ ਦਵਾਈਆਂ ਨੂੰ ਨਿਰਦੇਸ਼ਾਂ ਮੁਤਾਬਕ ਲੈਣਾ ਜਰੂਰੀ ਹੈ। ਜੇ ਤੁਸੀਂ ਕੋਈ ਗੋਲੀਆਂ ਲੈਣੀਆਂ ਖੁੰਝਾ ਦਿਓ ਤਾਂ ਹੋ ਸਕਦਾ ਹੈ ਕਿ ਲਾਗ ਠੀਕ ਨਾ ਹੋਵੇ। ਜੇ ਅਜਿਹਾ ਹੋਵੇ ਜਾਂ ਇਲਾਜ ਸ਼ੁਰੂ ਕਰਨ ਤੋਂ ਇੱਕ ਹਫ਼ਤਾ ਬਾਅਦ ਵੀ ਜੇ ਤੁਹਾਨੂੰ ਇਸਦੇ ਲੱਛਣ ਲਗਦੇ ਹੋਣ ਤਾਂ ਆਪਣੇ ਇਲਾਜ-ਕਰਤਾ ਨੂੰ ਮਿਲੋ।

ਇਹ ਜਰੂਰੀ ਹੈ ਕਿ ਇਲਾਜ ਸ਼ੁਰੂ ਕਰਨ ਤੋਂ ਲੈ ਕੇ 7 ਦਿਨਾਂ ਤਕ (ਨਿਰੋਧ ਨਾਲ ਵੀ) ਸੰਭੋਗ ਨਾ ਕੀਤਾ ਜਾਵੇ। ਜੇ ਤੁਸੀਂ ਸੰਭੋਗ ਕਰਦੇ ਹੋ ਤਾਂ ਇਹ ਲਾਗ ਤੁਹਾਡੇ ਤੋਂ ਸੰਭੋਗ ਕਰਨ ਵਾਲੇ ਵਿਅਕਤੀ ਨੂੰ ਲਗ ਸਕਦੀ ਹੈ ਜਾਂ ਤੁਹਾਨੂੰ ਦੁਬਾਰਾ ਲਗ ਸਕਦੀ ਹੈ। ਜੇ ਅਜਿਹਾ ਹੋਵੇ ਤਾਂ ਆਪਣੇ ਇਲਾਜ-ਕਰਤਾ ਨਾਲ ਗੱਲ ਕਰੋ।

## ਕਾਮੁਕ ਸਾਥੀ Sexual Partners

ਪਿਛਲੇ ਦੋ ਮਹੀਨਿਆਂ ਦੌਰਾਨ ਰਹੇ ਤੁਹਾਡੇ ਕਾਮੁਕ ਸਾਥੀਆਂ ਦੀ ਵੀ ਐੱਸ.ਟੀ.ਆਈ. ਲਈ ਜਾਂਚ ਅਤੇ ਇਲਾਜ ਕੀਤਾ ਜਾਣਾ ਚਾਹੀਦਾ ਹੈ। ਜੇ ਬੀਤੇ ਦੋ ਮਹੀਨਿਆਂ ਦੌਰਾਨ ਤੁਸੀਂ ਸੰਭੋਗ ਨਹੀਂ ਕੀਤਾ, ਤਾਂ ਜਿਸ ਨਾਲ ਵੀ ਤੁਸੀਂ ਆਖਰੀ ਵਾਰ ਸੰਭੋਗ ਕੀਤਾ ਸੀ, ਉਸ ਵਿਅਕਤੀ ਦੀ ਵੀ ਜਾਂਚ ਅਤੇ ਇਲਾਜ ਕੀਤਾ ਜਾਣਾ ਚਾਹੀਦਾ ਹੈ

ਆਪਣੇ ਕਾਮੁਕ ਸਾਥੀਆਂ ਨੂੰ ਇਸ ਬਾਰੇ ਦੱਸਣ ਦੇ ਵੱਖ-ਵੱਖ ਤਰੀਕੇ ਹਨ। ਤੁਸੀਂ ਆਪਣੇ ਕਾਮੁਕ ਸਾਥੀਆਂ ਨੂੰ ਖ਼ੁਦ ਜਾਂ ਗੁਮਨਾਮ ਰਹਿ ਕੇ ਇਸ ਬਾਰੇ ਦੱਸ ਸਕਦੇ ਹੋ। ਆਪਣੇ ਇਲਾਜ-ਕਰਤਾ ਨਾਲ ਗੱਲ ਕਰੋ ਕਿ ਤੁਹਾਡੇ ਲਈ ਕੀ ਸਹੀ ਹੈ।

## ਉਲਝਣਾਂ Complications

ਜੇ ਸਰਵੀਸਾਇਟਿਸ ਦਾ ਇਲਾਜ ਛੇਤੀ ਕਰ ਲਿਆ ਜਾਵੇ ਤਾਂ ਆਮ ਤੌਰ ’ਤੇ ਕੋਈ ਹੋਰ ਸਿਹਤ ਸਮੱਸਿਆਵਾਂ ਨਹੀਂ ਹੁੰਦੀਆਂ। ਜੇ ਇਸ ਦਾ ਇਲਾਜ ਨਾ ਹੋਵੇ ਤਾਂ ਇਸ ਕਾਰਣ ਗੰਭੀਰ ਉਲਝਣਾਂ ਪੈ ਸਕਦੀਆਂ ਹਨ, ਜਿਵੇਂ ਕਿ:

- ਪੇਡੂ ਵਿੱਚ ਸੋਜਿਸ਼ ਹੋਣ ਦੀ ਬਿਮਾਰੀ
- ਬਾਂਝਪੁਣਾ/ਨਪੁੰਸਕਤਾ
- ਐਕਟੋਪਿਕ ਪ੍ਰੈਗਨੈਂਸੀ (ਉਹ ਅਵਸਥਾ ਜਿਸ ਵਿੱਚ ਸਿੰਜਿਆ ਹੋਇਆ ਅੰਡਾ ਬੱਚੇਦਾਨੀ ਤੋਂ ਬਾਹਰ ਵਿਕਸਿਤ ਹੋਣ ਲੱਗਦਾ ਹੈ)
- ਪੇਡੂ ਵਿੱਚ ਲੰਮੇ ਸਮੇਂ ਤਕ ਰਹਿਣ ਵਾਲਾ ਦਰਦ
- ਜਰਾਸੀਮਾਂ ਕਾਰਣ ਗਠੀਆ

## ਰੋਕਥਾਮ Prevention

ਜੇ ਤੁਹਾਡੇ ਨਵੇਂ ਕਾਮੁਕ ਸਾਥੀ ਹਨ ਜਾਂ ਤੁਸੀਂ ਬੇਪਾਬੰਦਗੀ ਵਾਲੇ ਖੁੱਲ੍ਹੇ ਪ੍ਰੇਮ ਸੰਬੰਧਾਂ ਵਿੱਚ ਹੋ ਤਾਂ ਤੁਹਾਨੂੰ ਕਾਮ-ਭੋਗਤਾ ਕਾਰਣ ਲੱਗਣ ਵਾਲੀਆਂ ਬਿਮਾਰੀਆਂ (ਐੱਸ.ਟੀ.ਆਈ.) ਵਾਸਤੇ ਵਿਸ਼ੇਸ਼ ਤੌਰ ’ਤੇ ਬਾਕਾਇਦਾ ਟੈਸਟ ਕਰਾਉਣੇ ਚਾਹੀਦੇ ਹਨ। ਆਪਣੇ ਕਾਮੁਕ ਸਾਥੀਆਂ ਨਾਲ ਸੁਰੱਖਿਅਤ ਸੰਭੋਗ ਬਾਰੇ ਗੱਲ ਕਰਨ ਦਾ ਮਤਲਬ ਹੈ ਕਿ ਸਭ ਨੂੰ ਪਤਾ ਹੋਵੇਗਾ ਕਿ ਕੀ ਉਮੀਦ ਰੱਖਣੀ ਹੈ। ਜੇ ਨਿਰੋਧ ਤੁਹਾਡੇ ਲਈ ਸਹੀ ਕੰਮ ਕਰਨ ਤਾਂ ਇਹ ਵਧੀਆ ਰਹਿੰਦੇ ਹਨ – ਨਿਰੋਧ ਦਾ ਸਹੀ ਇਸਤੇਮਾਲ ਤੁਹਾਨੂੰ ਅਤੇ ਤੁਹਾਡੇ ਤੋਂ ਕਿਸੇ ਹੋਰ ਨੂੰ ਸਰਵੀਸਾਇਟਿਸ ਦੀ ਵਜ੍ਹਾ ਬਣਨ ਵਾਲੀਆਂ ਐੱਸ.ਟੀ.ਆਈ. ਹੋਣ ਦੇ ਆਸਾਰ ਘਟਾਉਂਦਾ ਹੈ।

## ਵਸੀਲੇ Resources

**HealthLink BC (ਹੈਲਥਲਿੰਕ ਬੀ.ਸੀ.) – ਸਰਵੀਸਾਇਟਿਸ ਬਾਰੇ ਵੱਖ-ਵੱਖ ਭਾਸ਼ਾਵਾਂ ਵਿੱਚ ਜਾਣਕਾਰੀ**

https://www.healthlinkbc.ca/healthlinkbc-files/cervicitis

**SmartSexResource (ਸਮਾਰਟ ਸੈਕਸ ਰੀਸੋਰਸ) – ਜੇ ਤੁਹਾਨੂੰ ਸਰਵੀਸਾਇਟਿਸ ਸੰਬੰਧੀ ਫ਼ਿਕਰ ਜਾਂ ਬੇਚੈਨੀ ਹੈ**

https://smartsexresource.com/topics/worry-and-anxiety

**TransCareBC (ਟ੍ਰਾਂਸ ਕੇਅਰ ਬੀ.ਸੀ.) – ਹਰ ਲਿੰਗ ਲਈ ਹਾਮੀ ਭਰਨ ਵਾਲੀ ਕਾਮੁਕ ਅਤੇ ਪੁਨਰ-ਉਤਪਤੀ ਸਿਹਤ ਜਾਣਕਾਰੀ**

http://www.phsa.ca/transcarebc/care-support/access-care/sexual-hlth